**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69020-69039
ਮਿਤੀ ਚੰਡੀਗੜ੍ਹ 23/09/09

**ਵਿਸ਼ਾ:-ਕਲੱਸਟਰ ਅਤੇ ਬਲਾਕ ਪੱਧਰ ਗੁਣਾਂਤਮਿਕ ਸਿੱਖਿਆ ਦੇ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਬੱਚਿਆਂ ਨੂੰ ਵੱਖ-ਵੱਖ ਮਹਿਲਾਂ ਅੰਦਰ ਬਿਠਾ ਕੇ ਉਹਨਾਂ ਨੂੰ ਉਹਨਾਂ ਦੇ ਸਿੱਖਣ ਪੱਧਰ ਅਨੁਸਾਰ ਸਿਖਾਇਆ ਜਾ ਰਿਹਾ ਹੈ। ਬਹੁਤ ਸਾਰੇ ਅਧਿਆਪਕਾਂ ਦੇ ਇਸ ਪੱਖੋਂ ਯਤਨ ਸੁਹਿਰਦ ਵੀ ਹਨ। ਅਤੇ ਇਹ ਅਧਿਆਪਕ ਆਪਣੀ ਮਿਹਨਤ ਨਾਲ ਆਪਣੇ ਸਕੂਲ ਦੇ ਨਤੀਜਿਆਂ ਨੂੰ ਸੁਧਾਰਨ ਪੱਖੋਂ ਅਣਥੱਕ ਕੋਸ਼ਿਸ਼ਾਂ ਵੀ ਕਰ ਰਹੇ ਹਨ। ਇਹਨਾਂ ਅਧਿਆਪਕਾਂ ਦੀਆਂ ਬੱਚਿਆਂ ਦੀ ਕੀਤੀ ਮਿਹਨਤ ਤੇ ਦੂਸਰੇ ਸਕੂਲਾਂ ਲਈ ਰੋਲ ਮਾਡਲ ਵਜੋਂ ਸਾਹਮਣੇ ਆਉਣੀ ਚਾਹੀਦੀ ਹੈ। ਇਸ ਲਈ ਬੀ.ਐਮ.ਟੀ. ਅਤੇ ਸੀ.ਐਮ.ਟੀ. ਆਪਣੇ ਬਲਾਕ/ਕਲੱਸਟਰ ਪੱਧਰ ਤੇ ਸਕੂਲਾਂ ਦੇ ਵੱਖ-ਵੱਖ ਮਹਿਲਾਂ 'ਚ ਬੱਚਿਆਂ ਦੀ ਕੀਤੀ ਤਰੱਕੀ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰਨ ਵਜੋਂ ਅਤੇ ਸਕੂਲ ਦੀ ਕਾਰਗੁਜ਼ਾਰੀ ਨੂੰ ਦੂਸਰੇ ਸਕੂਲਾਂ ਨੂੰ ਦਿਖਾਉਣ ਪੱਖੋਂ ਬਲਾਕ/ਕਲੱਸਟਰ ਪੱਧਰ ਤੇ ਸਕੂਲਾਂ ਦੇ ਆਪਸ ਵਿੱਚ ਮੁਕਾਬਲੇ ਕਰਵਾਉਣ। ਇਹ ਮੁਕਾਬਲੇ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਭਾਸ਼ਾ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਕਰਵਾਏ ਜਾਣ। ਇਸ ਤੋਂ ਇਲਾਵਾ ਰੀਡਿੰਗ ਸੈੱਲ, ਡਰਾਇੰਗ, ਸੁੰਦਰ ਲਿਖਾਈ ਆਦਿ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ।

3.0 ਇਹ ਮੁਕਾਬਲੇ ਮਹੀਨੇ ਦੇ ਆਖ਼ਰੀ ਸ਼ਨੀਵਾਰ ਕਰਵਾਏ ਜਾਣ।

4.0 ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਸੀ.ਐਮ.ਟੀ/ ਬੀ.ਐਮ.ਟੀ. ਦੀ ਹੋਵੇਗੀ। ਮੁਕਾਬਲਿਆਂ ਵਿੱਚ ਜੇਤੂ ਰਹੇ ਬੱਚਿਆਂ ਨੂੰ ਉਤਸ਼ਾਹ ਵਜੋਂ ਜੁਮੈਟਰੀ ਬਾਕਸ, ਕਿਤਾਬਾਂ, ਪੈਨਸਿਲਾਂ, ਕਾਪੀਆਂ ਆਦਿ ਇਨਾਮ ਵੀ ਦਿੱਤੇ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 69040-69059 ਮਿਤੀ 23/09/09

ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69061-69080
ਮਿਤੀ ਚੰਡੀਗੜ੍ਹ 23/09/09

**ਵਿਸ਼ਾ:-ਵਿਦਿਆਰਥੀਆਂ ਨੂੰ ਭੇਜੀਆਂ ਗਈਆਂ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਚੰਡੀਗੜ੍ਹ ਵੱਲੋਂ ਹਰ ਸਾਲ ਬੱਚਿਆਂ ਨੂੰ ਪਾਠ ਪੁਸਤਕਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।ਇਹਨਾਂ ਦੇ ਨਾਲ ਅਭਿਆਸ ਪੁਸਤਕਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਵੀ ਬੱਚਿਆਂ ਦੇ ਗਣਿਤ ਅਤੇ ਭਾਸ਼ਾ ਦੇ ਸੁਧਾਰ ਪੱਖੋਂ ਵੀ ਅਭਿਆਸ ਪੁਸਤਕਾਂ ਤਿਆਰ ਕਰਕੇ ਦਿੱਤੀਆਂ ਗਈਆਂ ਹਨ। ਪਰ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਅਧਿਆਪਕ ਇਹਨਾਂ ਅਭਿਆਸ ਪੁਸਤਕਾਂ ਤੇ ਬੱਚਿਆਂ ਨੂੰ ਹਰ ਰੋਜ਼ ਕੰਮ ਨਹੀਂ ਕਰਵਾਉਂਦੇ ਜਦ ਕਿ ਅਭਿਆਸ ਪੁਸਤਕਾਂ ਦਾ ਮਨੋਰਥ ਬੱਚੇ ਨੂੰ ਰੋਜ਼ਾਨਾ ਕੰਮ ਕਰਵਾਉਣਾ ਅਤੇ ਉਹਨਾਂ ਨੂੰ ਅਭਿਆਸ ਰਾਹੀਂ ਲਿਖਣ ਦੀ ਆਦਤ ਪਾਉਣਾ ਹੈ। ਸੋ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਅਧਿਆਪਕ ਹਰ ਰੋਜ਼ ਬੱਚਿਆਂ ਨੂੰ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਅਤੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਕੰਮ ਨੂੰ ਚੈੱਕ ਵੀ ਕਰਨ।

3.0 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਦੇ ਸਮੇਂ ਦੌਰਾਨ ਕਿਸੇ ਬੱਚੇ ਨੂੰ ਅਭਿਆਸ ਪੁਸਤਕ ਤੇ ਮਹਿਲ ਅੰਦਰ ਕੰਮ ਨਾ ਕਰਵਾਇਆ ਜਾਵੇ ਇਹ ਕੰਮ ਸਕੂਲ ਦੇ ਬਾਕੀ ਬਚਦੇ ਸਮੇਂ ਵਿੱਚ ਹੀ ਕਰਵਾਉਣਾ ਹੈ।

4.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 69081-69100 ਮਿਤੀ 23/09/09
ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

## ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
## ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
## ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69102-069121
ਮਿਤੀ ਚੰਡੀਗੜ੍ਹ 23-09-09

**ਵਿਸ਼ਾ:-ਬੱਚਿਆਂ ਨੂੰ ਖੇਡ ਵਿਧੀਆਂ ਰਾਹੀਂ ਸਿਖਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਬੱਚੇ ਅੰਦਰ ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਨੂੰ ਰੌਚਕ ਤਰੀਕੇ ਨਾਲ ਨਿਭਾਉਣ ਪੱਖੋਂ ਇਹ ਜ਼ਰੂਰੀ ਹੈ ਕਿ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਖੇਡ ਵਿਧੀਆਂ ਰਾਹੀਂ ਸਿਖਾਇਆ ਜਾਵੇ। ਇਸ ਸਬੰਧੀ ਪੜ੍ਹੋ ਪੰਜਾਬ ਪ੍ਰੋਗਰਾਮ ਰਾਹੀਂ ਬਹੁਤ ਸਾਰੀਆਂ ਖੇਡਾਂ ਬੱਚੇ ਦੀ ਭਾਸ਼ਾ ਅਤੇ ਗਣਿਤ ਵਿਸ਼ੇ ਦੇ ਸੁਧਾਰ ਪੱਖੋਂ ਅਧਿਆਪਕਾਂ ਨੂੰ ਅਧਿਆਪਕ ਟ੍ਰੇਨਿੰਗਾਂ ਦੌਰਾਨ ਪਹਿਲਾਂ ਵੀ ਦੱਸੀਆਂ ਗਈਆਂ ਹਨ। ਪਰ ਫਿਰ ਵੀ ਸਕੂਲ ਅੰਦਰ ਬੱਚੇ ਨੂੰ ਸਿਖਾਉਣ ਲਈ ਵਧੀਆ ਮਾਹੌਲ ਉਸਾਰੀ ਪੱਖੋਂ ਨਵੀਆਂ ਤੋਂ ਨਵੀਆਂ ਖੇਡਾਂ ਰਾਹੀਂ ਬੱਚਿਆਂ ਨੂੰ ਲਿਖਣ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇ।

3.0 ਖੇਡ ਵਿਧੀ ਰਾਹੀਂ ਬੱਚਾ ਔਖੇ ਤੋਂ ਔਖੇ ਵਿਸ਼ੇ ਵਿੱਚ ਵੀ ਦਿਲਸਚਪੀ ਲੈਂਦਾ ਹੈ। ਸੋ ਸਕੂਲਾਂ ਅੰਦਰ ਅਧਿਆਪਕ ਬੱਚਿਆਂ ਨੂੰ ਪੜ੍ਹੋ ਪੰਜਾਬ ਦੀਆਂ ਖੇਡ ਵਿਧੀਆਂ ਦੇ ਨਾਲ ਨਾਲ ਆਪਣੀ ਪੱਧਰ ਤੇ ਹੋਰ ਨਵੀਆਂ ਖੇਡਾਂ ਰਾਹੀਂ ਬੱਚੇ ਨੂੰ ਸਿਖਾਉਣ।

4.0 ਬੀ.ਐਮ.ਟੀ/ਸੀ.ਐਮ.ਟੀ. ਆਪਣੀ ਸਕੂਲ ਮੁਨੀਟਰਿੰਗ ਦੌਰਾਨ ਇਹਨਾਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 69122-69141 ਮਿਤੀ 23/09/09
ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69142-69166
ਮਿਤੀ ਚੰਡੀਗੜ੍ਹ 23/09/09

**ਵਿਸ਼ਾ:-ਸੀ.ਐਮ.ਟੀ. ਦੁਆਰਾ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਦੀ ਮੀਟਿੰਗ ਅਟੈਂਡ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਰਵ ਸਿੱਖਿਆ ਅਭਿਆਨ ਸ਼ੁਰੂ ਤੋਂ ਹੀ ਸਮੁਦਾਇ ਨੂੰ ਨਾਲ ਲੈ ਕੇ ਚਲਦਾ ਆਇਆ ਹੈ। ਇਸ ਵਿੱਚ ਵੱਖ-ਵੱਖ ਕੰਪੋਨੈਂਟ ਤਹਿਤ ਸਮੁਦਾਇ ਦਾ ਬਹੁਤ ਵੱਡਾ ਰੋਲ ਅਤੇ ਜ਼ਿੰਮੇਵਾਰੀ ਵੀ ਸਮਝੀ ਗਈ ਹੈ। ਅਕਸਰ ਹੀ ਇਹ ਦੇਖਿਆ ਗਿਆ ਹੈ ਕਿ ਕਈ ਵਾਰ ਸਮੁਦਾਇ ਨੂੰ ਸਰਵ ਸਿੱਖਿਆ ਅਭਿਆਨ ਦੀਆਂ ਸਕੀਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਨਹੀਂ ਹੁੰਦੀ ਜਾਂ ਫਿਰ ਇਹ ਜਾਣਕਾਰੀ ਸਿਰਫ਼ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਤੱਕ ਹੀ ਸੀਮਤ ਰਹਿੰਦੀ ਹੈ।

3.0 ਦਫ਼ਤਰ ਵਿੱਚ ਹੋਣ ਵਾਲੀਆਂ ਮੀਟਿੰਗਾਂ ਵਿੱਚ ਇਹ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ ਕਿ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਦੇ ਨਾਲ ਨਾਲ ਸਮੁਦਾਇ ਦੇ ਮੈਂਬਰਾਂ ਨੂੰ ਵੀ ਸਰਵ ਸਿੱਖਿਆ ਅਭਿਆਨ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ। ਖਾਸ ਤੌਰ ਤੇ ਪਿਛਲੇ ਸਾਲ ਤੋਂ ਚੱਲ ਰਹੇ ਪੜ੍ਹੋ ਪੰਜਾਬ ਪ੍ਰੋਜੈਕਟ ਜੋ ਕਿ ਪ੍ਰਾਇਮਰੀ ਸਿੱਖਿਆ ਅੰਦਰ ਗੁਣਵੱਤਾਂ ਦੇ ਸੁਧਾਰ ਪੱਖੋਂ ਅਹਿਮ ਯੋਗਦਾਨ ਪਾ ਰਿਹਾ ਹੈ। ਇਸ ਪ੍ਰੋਜੈਕਟ ਦੀ ਵਿਸਥਾਰ ਸਹਿਤ ਜਾਣਕਾਰੀ ਸੀ.ਐਮ.ਟੀ. ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਦੀ ਹੋਣ ਵਾਲੀ ਮੀਟਿੰਗ ਵਿੱਚ ਲਾਜ਼ਮੀ ਤੌਰ ਤੇ ਸਾਂਝਿਆ ਕਰੇ ਅਤੇ ਇਹਨਾਂ ਮੀਟਿੰਗਾਂ ਵਿੱਚ ਆਪਣੀ ਸ਼ਮੂਲੀਅਤ ਯਕੀਨੀ ਬਣਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 69167-69186 ਮਿਤੀ 23-09-09
ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਸਸਅ/ਮੀਡੀਆ/2009/68900-68919
ਮਿਤੀ ਚੰਡੀਗੜ੍ਹ 23-09-09

**ਵਿਸ਼ਾ : ਸਕੂਲਾਂ ਦੀ ਗ੍ਰੇਡਿੰਗ ਕਰਨ ਸਬੰਧੀ।**
**ਹਵਾਲਾ: ਸਸਅ/ਮੀਡੀਆ/2009/40776-795 ਮਿਤੀ ਚੰਡੀਗੜ੍ਹ 15 ਮਈ 2009,ਸਸਅ/ਮੀਡੀਆ/2009/52408-425 ਮਿਤੀ ਚੰਡੀਗੜ੍ਹ 13.7.09 ਅਤੇ ਸਸਅ/ਮੀਡੀਆ/2009/58981-988 ਮਿਤੀ ਚੰਡੀਗੜ੍ਹ 18.8.09।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦਾ ਧਿਆਨ ਮੁੱਖ ਦਫ਼ਤਰ ਵੱਲੋਂ ਕੀਤੀਆਂ ਗਈਆਂ ਹਦਾਇਤਾਂ ਵੱਲੋਂ ਦਵਾਇਆ ਜਾਂਦਾ ਹੈ ਜਿਹਨਾਂ ਰਾਹੀਂ ਸਾਰੇ ਸਕੂਲਾਂ ਦੀ ਗ੍ਰੇਡਿੰਗ ਕਰਨ ਲਈ ਸਕੂਲਾਂ ਨੂੰ ਰਜਿਸਟਰ ਵੀ ਮੁਹੱਈਆ ਕਰਵਾਏ ਗਏ ਸਨ ਅਤੇ ਇਹ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਸਨ ਕਿ ਹੈੱਡਮਾਸਟਰ/ਪ੍ਰਿੰਸੀਪਲ/ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ/ਹੈੱਡ ਟੀਚਰ/ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਇਹ ਰਜਿਸਟਰ ਭਰੇ ਜਾਣ ਅਤੇ ਸਕੂਲਾਂ ਦੀ ਗ੍ਰੇਡਿੰਗ ਕੀਤੀ ਜਾਵੇ। ਪਰੰਤੂ ਇਕ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਆਪ ਜੀ ਵੱਲੋਂ ਸਕੂਲਾਂ ਦੀ ਗ੍ਰੇਡਿੰਗ ਬਾਰੇ ਸੂਚਨਾ ਠੀਕ ਨਹੀਂ ਭੇਜੀ ਗਈ ਹੈ। ਆਪ ਜੀ ਨੂੰ ਇਸ ਪੱਤਰ ਰਾਹੀਂ ਮੁੜ ਲਿਖਿਆ ਜਾਂਦਾ ਹੈ ਕਿ ਆਪ ਸਕੂਲਾਂ ਦੀ ਗ੍ਰੇਡਿੰਗ ਕਰਵਾਉਣ ਉਪਰੰਤ ਸੂਚਨਾ ਹੇਠਾ ਲਿਖੇ ਪ੍ਰੋਫ਼ਾਰਮੇ ਵਿੱਚ ਭਰ ਕੇ ਇਸ ਦਫ਼ਤਰ ਨੂੰ ਭੇਜੀ ਜਾਵੇ।

| ਲੜੀ ਨੰ | ਬਲਾਕ ਦਾ ਨਾਂ | ਸਕੂਲ ਦਾ ਨਾਂ | ਗ੍ਰੇਡਿੰਗ | | | | | |
|---|---|---|---|---|---|---|---|---|
| 1 | 2 | 3 | 4 | ਏ | ਬੀ | ਸੀ | ਡੀ | ਈ |
| | | | | | | | | |
| | | | ਕੁੱਲ ਗਿਣਤੀ | | | | | |
| | | | ਜ਼ਿਲ੍ਹਾ ਸਿੱਖਿਆ ਅਫ਼ਸਰ | | | | | |

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**

ਪਿੱਠਅੰਕਣ ਨੰ. ਉਕਤ 68920 ਮਿਤੀ 23/09/09
ਉਤਾਰਾ(1) ਮੰਡਲ ਸਿੱਖਿਆ ਅਫ਼ਸਰ, ਨਾਭਾ/ਫਰੀਦਕੋਟ/ਜਲੰਧਰ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਸਸਅ/ਮੀਡੀਆ/2009/ 69187-69207
ਮਿਤੀ ਚੰਡੀਗੜ੍ਹ 23-09-09

**ਵਿਸ਼ਾ: ਪ੍ਰਗਤੀ ਰਿਪੋਰਟ ਕਾਰਡ ਭਰਨ ਸਬੰਧੀ।**
**ਹਵਾਲਾ: ਸਸਅ/ਮੀਡੀਆ/2009/42593-42612 ਮਿਤੀ ਚੰਡੀਗੜ੍ਹ 25 ਮਈ 2009 ਅਤੇ ਸਸਅ/ਮੀਡੀਆ/2009/53101-120 ਮਿਤੀ ਚੰਡੀਗੜ੍ਹ 16.7.09।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਬੱਚਿਆਂ ਦੀ ਪ੍ਰਗਤੀ ਜਾਣਨ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਇਹ ਨਿਰਣਾ ਲਿਆ ਗਿਆ ਸੀ ਕਿ ਬੱਚਿਆਂ ਦਾ ਮੁਲ-ਅੰਕਣ ਸਮੇਂ ਸਮੇਂ ਸਿਰ ਕੀਤਾ ਜਾਵੇ ਅਤੇ ਇਸ ਮੁਲ ਅੰਕਣ ਨੂੰ ਇੱਕ ਪ੍ਰਗਤੀ ਕਾਰਡ ਵਿੱਚ ਚੰਗੀ ਤਰ੍ਹਾਂ ਲਿਖਣ ਉਪਰੰਤ ਬੱਚੇ ਦੇ ਮਾਤਾ-ਪਿਤਾ ਤੋਂ ਵੀ ਦਸਤਖ਼ਤ ਕਰਵਾਏ ਜਾਇਆ ਕਰਨ। ਸਰਕਾਰ ਵੱਲੋਂ ਇਹਨਾਂ ਪ੍ਰਗਤੀ ਕਾਰਡਾਂ ਦੀ ਛਪਾਈ ਤੇ ਕਾਫ਼ੀ ਪੈਸਾ ਇਸ ਉਦੇਸ਼ ਨਾਲ ਖਰਚ ਕੀਤਾ ਗਿਆ ਹੈ ਕਿ ਬੱਚਿਆਂ ਦੀ ਅਕਾਦਮਿਕ ਅਤੇ ਸਹਿ ਵਿੱਦਿਅਕ ਸਰਗਰਮੀਆਂ ਨੂੰ ਚੰਗੀ ਤਰ੍ਹਾਂ ਅਧਿਆਪਕ ਅਤੇ ਬੱਚਿਆਂ ਦੇ ਮਾਤਾ ਪਿਤਾ ਵੱਲੋਂ ਮੁਨੀਟਰ ਕੀਤਾ ਜਾ ਸਕੇ। ਪਰੰਤੂ ਬੜ੍ਹੇ ਅਫ਼ਸੋਸ ਦੀ ਗੱਲ ਹੈ ਕਿ ਆਪ ਜੀ ਵੱਲੋਂ ਬਹੁਤ ਸਾਰੇ ਪ੍ਰਗਤੀ ਕਾਰਡ ਜਾਂ ਤਾਂ ਸਕੂਲਾਂ ਵਿੱਚ ਪਹੁੰਚਾਏ ਹੀ ਨਹੀਂ ਗਏ ਹਨ ਜਾਂ ਫਿਰ ਅਧਿਆਪਕਾਂ ਵੱਲੋਂ ਅਜੇ ਵੀ ਇਹਨਾਂ ਪ੍ਰਗਤੀ ਕਾਰਡਾਂ ਨੂੰ ਚੰਗੀ ਤਰ੍ਹਾਂ ਭਰਿਆ ਨਹੀਂ ਗਿਆ ਅਤੇ ਨਾ ਹੀ ਬੱਚਿਆਂ ਦੇ ਮਾਂ ਬਾਪ ਤੋਂ ਕੋਈ ਦਸਤਖ਼ਤ ਕਰਵਾਏ ਗਏ ਹਨ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰਗਤੀ ਕਾਰਡਾਂ ਨੂੰ ਠੀਕ ਤਰੀਕੇ ਨਾਲ ਵਰਤਿਆ ਜਾਵੇ। ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਦੀ ਰਿਪੋਰਟ ਤੁਰੰਤ ਇਸ ਦਫ਼ਤਰ ਨੂੰ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ.ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2009/69268-69287
ਮਿਤੀ ਚੰਡੀਗੜ੍ਹ 23-09-09

**ਵਿਸ਼ਾ: ਮੈਗਜ਼ੀਨਾਂ ਦੀ ਵੰਡ ਸਬੰਧੀ।**

**ਹਵਾਲਾ: ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2009/2009/49074-49116 ਮਿਤੀ ਚੰਡੀਗੜ੍ਹ 29.06.09 ਅਤੇ ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2009/52979-52998 ਮਿਤੀ ਚੰਡੀਗੜ੍ਹ 16.7.09।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਬੱਚਿਆਂ ਅੰਦਰ ਸਿੱਖਣ ਸਿਖਾਉਣ ਅਤੇ ਗੁਣਾਂਤਮਿਕ ਸਿੱਖਿਆ ਦੇ ਸੁਧਾਰ ਪੱਖੋਂ ਪੰਜਾਬ ਰਾਜ ਦੇ ਹਰੇਕ ਪ੍ਰਾਇਮਰੀ ਸਕੂਲ ਅੰਦਰ ਰੀਡਿੰਗ ਸੈੱਲ ਸਥਾਪਤ ਕੀਤੇ ਗਏ ਹਨ ਅਤੇ ਇਹਨਾਂ ਰੀਡਿੰਗ ਸੈੱਲਾਂ ਅੰਦਰ ਸਾਲ 2008-09 ਤੋਂ ਕਿਤਾਬਾਂ ਅਤੇ ਮੈਗਜ਼ੀਨ ਭੇਜੇ ਜਾ ਰਹੇ ਹਨ। ਪਰ ਅਜੇ ਵੀ ਬਹੁਤ ਸਾਰੇ ਸਕੂਲਾਂ ਤੋਂ ਮੈਗਜ਼ੀਨ ਅਤੇ ਕਿਤਾਬਾਂ ਨਾ ਮਿਲਣ ਦੀਆਂ ਰਿਪੋਰਟਾਂ ਪ੍ਰਾਪਤ ਹੋ ਰਹੀਆਂ ਹਨ। ਸੋ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿਤਾਬਾਂ ਅਤੇ ਮੈਗਜ਼ੀਨਾਂ ਦੀ ਵੰਡ ਪੱਖੋਂ ਇਹਨਾਂ ਨੂੰ ਬੱਚਿਆਂ ਦਾ ਪੜ੍ਹਨ ਪੱਧਰ ਉੱਚਾ ਚੁੱਕਣ ਲਈ ਕਿਤਾਬਾਂ ਅਤੇ ਮੈਗਜ਼ੀਨ ਜਾਰੀ ਕੀਤੇ ਜਾਣ।

3.0 ਸਕੂਲਾਂ ਵਿੱਚ ਹੇਠ ਲਿਖੇ ਮੈਗਜ਼ੀਨ ਭੇਜੇ ਜਾ ਰਹੇ ਹਨ:-

| ਲੜੀ ਨੰ. | ਮੈਗਜ਼ੀਨ ਦਾ ਨਾਂ | ਭੇਜਣ ਦਾ ਸਮਾਂ | ਗਿਣਤੀ (ਪ੍ਰਤੀ ਸਕੂਲ) | ਵਿਸ਼ੇਸ਼ ਕਥਨ |
|---|---|---|---|---|
| 1. | ਆਲ੍ਹੇ-ਭੋਲ੍ਹੇ | ਤ੍ਰੈ-ਮਾਸਿਕ | ਪੰਜ ਕਾਪੀਆਂ (ਪ੍ਰਤੀ ਸਕੂਲ) | ਪ੍ਰਾਇਮਰੀ, ਮਿਡਲ,ਹਾਈ,ਸੀ.ਸੈ.ਸਕੂਲ |
| 2. | ਪ੍ਰਾਇਮਰੀ ਸਿੱਖਿਆ | ਮਹੀਨਾਵਾਰ | ਦੋ ਕਾਪੀਆਂ | ਸਿਰਫ਼ ਪ੍ਰਾਇਮਰੀ ਸਕੂਲ ਲਈ |
| 3. | ਨਿੱਕੀਆਂ ਕਰੂੰਬਲਾਂ | ਹਰੇਕ ਮਹੀਨੇ | ਇਕ ਕਾਪੀ | ਸਿਰਫ਼ ਪ੍ਰਾਇਮਰੀ ਸਕੂਲ ਲਈ |
| 4. | ਪ੍ਰੀਤਲੜੀ | ਮਹੀਨਾਵਾਰ | ਇਕ ਕਾਪੀ | ਹਰੇਕ ਪ੍ਰਾਇਮਰੀ/ਹਾਈ/ਸੀ.ਸੈ.ਸਕੂਲ |
| 5. | ਸਮਾਜ-ਧਰਮ | ਮਹੀਨਾਵਾਰ | ਇਕ ਕਾਪੀ | ਹਰੇਕ ਜ਼ਿਲ੍ਹਾ ਕੋਆਰਡੀਨੇਟਰ, ਸਹਾਇਕ ਕੋਆਰਡੀਨੇਟਰ,ਬੀ.ਐਮ.ਟੀ, ਅਤੇ ਸੀ.ਐਮ.ਟੀ. ਲਈ ਜ਼ਿਲ੍ਹਾ ਪੱਧਰ ਤੇ। |

4.0 ਇਹਨਾਂ ਮੈਗਜ਼ੀਨਾਂ ਦੀ ਜ਼ਿਲ੍ਹਾ ਪੱਧਰ ਤੇ ਪਹੁੰਚ ਰਸੀਦ ਅਤੇ ਸਕੂਲਾਂ ਅੰਦਰ ਇਹਨਾਂ ਨੂੰ ਵੰਡੇ ਜਾਣ ਦਾ ਸਰਟੀਫਿਕੇਟ ਹਰੇਕ ਮਹੀਨੇ ਇਸ ਦਫ਼ਤਰ ਨੂੰ ਜ਼ਰੂਰ ਭੇਜਿਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ.ਉਕਤ 69289-69308 ਮਿਤੀ:23-09-09

ਉਤਾਰਾ:-(1) ਸਮੂਹ ਮੰਡਲ ਸਿੱਖਿਆ ਅਫ਼ਸਰ।

(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ,ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
# ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69228-69247
ਮਿਤੀ ਚੰਡੀਗੜ੍ਹ 23-09-09

**ਵਿਸ਼ਾ:- ਵਿਦਿਆਰਥੀਆਂ ਨੂੰ ਨਵੋਦਿਯਾ ਵਿਦਿਆਲਿਆ ਵਿੱਚ ਦਾਖਲੇ ਸਬੰਧੀ।**

**ਹਵਾਲਾ: ਏ.ਐਸ.ਪੀ.ਡੀ/ਮੀਡੀਆ/2009/52584-603 ਮਿਤੀ ਚੰਡੀਗੜ੍ਹ14.7.09 ਅਤੇ
ਏ.ਐਸ.ਪੀ.ਡੀ/ਮੀਡੀਆ/2009/59665-59684 ਮਿਤੀ ਚੰਡੀਗੜ੍ਹ19.8.09।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਨਵੋਦਿਆ ਵਿਦਿਆਲਿਆ ਵਿੱਚ ਪ੍ਰੀਖਿਆ ਸਬੰਧੀ ਤਿਆਰੀ ਕਰਵਾ ਕੇ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਇਸ ਅੰਦਰ ਦਾਖਲਾ ਕਰਵਾਇਆ ਜਾਣਾ ਹੈ। ਸਮੂਹ ਜ਼ਿਲ੍ਹਿਆਂ ਵਿਚੋਂ ਨਵੋਦਿਆ ਵਿਦਿਆਲਿਆ ਅੰਦਰ ਦਾਖਲੇ ਸਬੰਧੀ ਵਿਦਿਆਰਥੀਆਂ ਦੀ ਗਿਣਤੀ ਦੀ ਸੂਚੀ ਮੁੱਖ ਦਫ਼ਤਰ ਚੰਡੀਗੜ੍ਹ ਨੂੰ ਮਿਲ ਚੁੱਕੀ ਹੈ। ਹੁਣ ਇਹਨਾਂ ਵਿਦਿਆਰਥੀਆਂ ਦੀ ਪ੍ਰੀਖਿਆ ਦੀ ਤਿਆਰੀ ਲਈ ਕਲੱਸਟਰ ਪੱਧਰ ਤੇ ਸੀ.ਐਮ.ਟੀ. ਇਹਨਾਂ ਵਿਦਿਆਰਥੀਆਂ ਵੱਲ ਪੂਰਾ ਪੂਰਾ ਧਿਆਨ ਦੇਵੇ। ਇਹਨਾਂ ਦੀ ਪ੍ਰੀਖਿਆ ਤਿਆਰੀ ਪੱਖੋਂ ਸਮਾਂ, ਸਥਾਨ ਅਤੇ ਸਿਲੇਬਸ ਨੂੰ ਪੂਰਿਆ ਕਰਨ ਲਈ ਉਹ ਆਪਣੀ ਪਲੈਨਿੰਗ ਕਰੇ।

3.0 ਵਿਦਿਆਰਥੀਆਂ ਲਈ ਪ੍ਰੀਖਿਆ ਦੀ ਤਿਆਰੀ ਪੱਖੋਂ ਸਕੂਲ ਦੀ ਕਿਸੇ ਇਕ ਅਧਿਆਪਕ ਦੀ ਡਿਊਟੀ ਵੀ ਜ਼ਰੂਰ ਲਗਾਈ ਜਾਵੇ।

4.0 ਨਵੋਦਿਆ ਵਿਦਿਆਲਿਆ ਲਈ ਤਿਆਰੀ ਕਰ ਰਹੇ ਵਿਦਿਆਰਥੀਆਂ ਦਾ ਹਰੇਕ ਮਹੀਨੇ ਕਲੱਸਟਰ/ਬਲਾਕ ਪੱਧਰ ਤੇ ਇਸ ਦਾ ਟੈਸਟ ਲਿਆ ਜਾਵੇ। ਇਸ ਨਾਲ ਬੱਚੇ ਦੀ ਪ੍ਰੋਗਰੈਸ ਦਾ ਪਤਾ ਲਗਦਾ ਰਹੇਗਾ। ਪ੍ਰੀਖਿਆ ਦੀ ਤਿਆਰੀ ਪੱਖੋਂ ਬੱਚਿਆਂ ਦੀ ਦਿਲਚਸਪੀ ਵੀ ਬਣੀ ਰਹੇਗੀ।

5.0 ਬੀ.ਐਮ.ਟੀ. ਅਤੇ ਜ਼ਿਲ੍ਹਾ ਕੋਆਰਡੀਨੇਟਰ ਨਵੋਦਿਆ ਵਿਦਿਆਲਿਆ ਦੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਸਮੇਂ ਸਮੇਂ ਸਿਰ ਆਪਣੇ ਪੱਧਰ ਤੇ ਮੁਨੀਟਰਿੰਗ ਵੀ ਕਰਨਗੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ.ਉਕਤ 69248-69267 ਮਿਤੀ:23-09-09

ਉਤਾਰਾ:- (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ,ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/69208-69227
ਮਿਤੀ ਚੰਡੀਗੜ੍ਹ 23-09-09

**ਵਿਸ਼ਾ:-ਪੀ.ਆਰ.ਆਈ ਸਕੂਲਾਂ ਦੇ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਮਾੜੀ ਕਾਰਗੁਜ਼ਾਰੀ ਸਬੰਧੀ ਸੂਚੀ ਭੇਜਣ ਬਾਰੇ।**

ਉਪਰੋਕਤ ਵਿਸ਼ਾ ਅਧੀਨ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੀ.ਆਰ.ਆਈ ਦੇ ਜਿਹਨਾਂ ਸਕੂਲਾਂ ਦੇ ਨਤੀਜੇ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਮਾੜੇ ਰਹੇ ਹਨ ਉਹਨਾਂ ਦੀ ਸੂਚੀ ਹੇਠ ਲਿਖੇ ਪ੍ਰੋਫ਼ਾਰਮੇ ਅਨੁਸਾਰ ਭਰ ਕੇ ਮੁੱਖ ਦਫ਼ਤਰ ਨੂੰ ਭੇਜੀ ਜਾਵੇ:-

| ਲੜੀ ਨੰ. | ਸਕੂਲ ਦਾ ਨਾਂ | ਕਲੱਸਟਰ | ਬਲਾਕ | ਵਿਸ਼ੇਸ਼ ਕਥਨ |
|---|---|---|---|---|
| | | | | |

ਡਾਇਰੈਕਟਰ ਜਨਰਲ ਸਕੂਲ ਸਿੱਖਿਆ